# Maharaja Ranjit Singh Punjab Technical University

Dabwali Road, Bathinda -151001

**(Established by Govt. of Punjab vide Punjab Act No. 5 of 2015)**

**ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਡੱਬਵਾਲੀ ਰੋਡ, ਬਠਿੰਡਾ।**


**Ref. No.**______________ **Dated :** ______________

ਸੇਵਾ ਵਿਖੇ

ਸਮੂਹ ਡਾਇਰੈਕਟਰ/ਪ੍ਰਿੰਸੀਪਲ
ਮ.ਰ.ਸ.ਪੰਜਾਬ ਤਕਨੀਕੀ ਯੂਨੀਵਰਸਿਟੀ ਦੇ ਐਫੀਲੀਏਟਡ ਕਾਲਜਜ ।

ਵਿਸ਼ਾ:- **ਪ੍ਰਾਈਵੇਟ/ਸਰਕਾਰੀ ਸੰਸਥਾਵਾਂ/ਯੂਨੀਵਰਸਿਟੀਆਂ ਵਿੱਚ ਪੋਸਟ-ਮੈਟ੍ਰਿਕ ਸਕੀਮ ਅਧੀਨ ਪੜ੍ਹ ਰਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਤੋ ਪ੍ਰੀਖਿਆਂ ਫੀਸਾਂ ਅਤੇ ਹੋਰ ਫੀਸਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕੁੱਝ ਕਾਲਜਾਂ ਵੱਲੋ ਪੰਜਾਬ ਸਰਕਾਰ ਭਲਾਈ ਵਿਭਾਗ ਦੇ ਪੱਤਰ ਨੰ: 3/126/16-ਐਸ.ਏ.ਆਈ/2260 ਮਿਤੀ 08-11-2016 ਦਾ ਹਵਾਲਾ ਦਿੰਦੇ ਹੋਏ ਵਿਸ਼ਾ ਅਧੀਨ ਫੀਸਾਂ ਦੀ ਅਦਾਇਗੀ ਨਾ ਕਰਨ ਹਿੱਤ ਪ੍ਰਤੀਬੇਨਤੀਆਂ ਭੇਜੀਆਂ ਜਾ ਰਹੀਆਂ ਹਨ। ਇਸ ਸਬੰਧ ਵਿੱਚ ਯੂਨੀਵਰਸਿਟੀ ਵੱਲੋ ਭਲਾਈ ਵਿਭਾਗ ਪੰਜਾਬ ਸਰਕਾਰ ਨਾਲ ਤਾਂਹਾਲ ਪੱਤਰ ਵਿਹਾਰ ਚੱਲ ਰਿਹਾ ਹੈ।ਯੂਨੀਵਰਸਿਟੀ ਨੂੰ ਪੱਤਰ ਦੇ ਸਬੰਧ ਵਿੱਚ ਸਰਕਾਰ ਵੱਲੋ ਅਜੇ ਤੱਕ ਕੋਈ ਨਜ਼ੀਰਾਂ ਪ੍ਰਾਪਤ ਨਹੀ ਹੋਈਆ।ਇਸ ਲਈ ਇਸ ਸਮੇ ਪੰਜਾਬ ਸਰਕਾਰ ਭਲਾਈ ਵਿਭਾਗ ਵੱਲੋ ਇਸ ਸਬੰਧੀ ਮਿਤੀ 09-11-2016 ਨੂੰ ਜਾਰੀ ਇਸ਼ਤਿਹਾਰ(ਫੋਟੋਕਾਪੀ ਨੱਥੀ) ਅਨੁਸਾਰ ਕਾਰਵਾਈ ਕਰਨੀ ਬਣਦੀ ਹੈ।

ਰਜਿਸਟਰਾਰ
**ਮ.ਰ.ਸ.ਪ.ਤ.ਯ, ਬਠਿੰਡਾ**

**ਪਿੰਠ ਅੰਕਣ ਨੰ:** 7902 **ਮਿਤੀ:** 24/11/16

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ, ਵਾਈਸ ਚਾਂਸਲਰ, ਮ.ਰ.ਸ.ਪ.ਤ.ਯ, ਬਠਿੰਡਾ।
2. ਕੰਟਰੋਲਰ ਪ੍ਰੀਖਿਆਵਾਂ,ਮ.ਰ.ਸ.ਪ.ਤ.ਯ, ਬਠਿੰਡਾ।
3. ਇੰਚਾਰਜ ਵੈਬ-ਸਾਈਟ, ਮ.ਰ.ਸ.ਪ.ਤ.ਯ, ਬਠਿੰਡਾ।

ਰਜਿਸਟਰਾਰ
**ਮ.ਰ.ਸ.ਪ.ਤ.ਯ, ਬਠਿੰਡਾ**

[illegible] 9-11-16

# ਪੰਜਾਬ ਸਰਕਾਰ

## ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ

**ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ (ਕੇਂਦਰੀ ਪ੍ਰਾਯੋਜਿਤ) ਤਹਿਤ ਕਾਰਪਸ ਫੰਡ (Corpus Fund) ਵਿੱਚੋਂ ਵਿਦਿਆਰਥੀਆਂ ਦੀਆਂ ਫੀਸਾਂ ਦੀ ਅਦਾਇਗੀ ਕਰਨ ਸਬੰਧੀ।**

ਪੰਜਾਬ ਸਰਕਾਰ, ਭਲਾਈ ਵਿਭਾਗ ਵੱਲੋਂ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੇਂਦਰੀ ਪ੍ਰਾਯੋਜਿਤ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2016-17 ਦੌਰਾਨ ਕਰੀਏਟ ਕੀਤੇ ਗਏ ਕਾਰਪਸ ਫੰਡ ਵਿੱਚੋਂ, ਪ੍ਰਾਈਵੇਟ/ਸਰਕਾਰੀ ਸੰਸਥਾਵਾਂ/ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਵਾਲੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ ਅਤੇ 10+2 ਦੇ ਬੋਰਡ ਦੇ ਇਮਤਿਹਾਨ ਅਤੇ ਹਰੇਕ ਵਿਦਿਅਕ ਸੈਸ਼ਨ ਵਿੱਚ 60% ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ, ਦੀਆਂ ਦਾਖਲਾ ਫੀਸਾਂ ਦੀ ਅਦਾਇਗੀ/ਰਾਸ਼ੀ ਦੀ ਲੋੜ ਹੇਠ ਲਿਖੀ priority ਅਨੁਸਾਰ ਕੀਤੀ ਜਾਵੇਗੀ:-

Degree, Post Graduate and Research level Courses in

a) Medicine (Allopathic, Indian and other recognized systems of medicines);
b) Engineering, Technology, Planning, Architecture, Design, Fashion Technology, Agriculture;
c) Veterinary and Allied Sciences;
d) Management, Business Finance/Administration, Computer Science/Applications, Commercial Pilot License;
e) Law;
f) Social Sciences

ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਸਿਖਿਆਰਥੀ ਜੋ ਲਾਭ ਲੈਣ ਦੇ ਚਾਹਵਾਨ ਹਨ, ਉਹ ਸਬੰਧਤ ਜਿਲ੍ਹੇ ਦੇ ਜਿਲ੍ਹਾ ਭਲਾਈ ਅਫਸਰ ਨੂੰ ਦਰਖਾਸਤ 25 ਨਵੰਬਰ, 2016 ਤੱਕ ਦੇਣਗੇ। ਅਪਲਾਈ ਕਰਨ ਵਾਲੇ ਵਿਦਿਆਰਥੀ ਨਿੱਜੀ ਤੌਰ ਤੇ ਮੁਕੰਮਲ ਦਸਤਾਵੇਜ਼ਾਂ ਸਮੇਤ (ਆਮਦਨ, ਜਾਤੀ ਅਤੇ ਵਿਦਿਅਕ ਯੋਗਤਾਵਾਂ) ਜਿਲ੍ਹਾ ਪੱਧਰੀ ਕਮੇਟੀ (ਸਬੰਧਤ ਜਿਲ੍ਹੇ ਦੀ ਕਮੇਟੀ) ਦੇ ਸਾਹਮਣੇ 29 ਨਵੰਬਰ, 2016 ਨੂੰ ਸਵੇਰੇ 11.00 ਵਜੇ ਪੇਸ਼ ਹੋਣ ਲਈ ਸਬੰਧਤ ਜਿਲ੍ਹੇ ਦੇ ਜਿਲ੍ਹਾ ਭਲਾਈ ਅਫਸਰ ਦੇ ਦਫਤਰ ਵਿਖੇ ਪੁੱਜਣਗੇ।

ਵਧੇਰੇ ਜਾਣਕਾਰੀ ਭਲਾਈ ਵਿਭਾਗ ਦੀ ਵੈਬ-ਸਾਈਟ www.welfarepunjab.gov.in ਤੇ ਵੇਖੀ ਜਾ ਸਕਦੀ ਹੈ।

ਸਹੀ/-
ਡਾਇਰੈਕਟਰ,
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ,
ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

3755